# ਕੰਮ ’ਤੇ ਸਿਹਤ ਅਤੇ ਸੁਰੱਖਿਆ

## ਰੋਕਥਾਮ ਇੱਥੋਂ ਸ਼ੁਰੂ ਹੁੰਦੀ ਹੈ

*ਓਂਟੈਰੀਓ ਦਾ* **ਆਕਿਊਪੇਸ਼ਨਲ ਹੈਲਥ ਅਤੇ ਸੇਫ਼ਟੀ ਐਕਟ** (Occupational Health and Safety Act) *ਕਰਮਚਾਰੀਆਂ ਨੂੰ ਅਧਿਕਾਰ ਦਿੰਦਾ ਹੈ। ਇਹ ਮਾਲਕਾਂ, ਸੁਪਰਵਾਇਜ਼ਰਾਂ ਅਤੇ ਕਰਮਚਾਰੀਆਂ ਦੀ ਭੂਮਿਕਾਵਾਂ ਬਾਰੇ ਦੱਸਦਾ ਹੈ ਤਾਂ ਜੋ ਉਹ ਕੰਮ ਵਾਲੀ ਥਾਂ ਨੂੰ ਹੋਰ ਸੁਰੱਖਿਅਤ ਬਣਾਉਣ ਲਈ ਇੱਕਠੇ ਕੰਮ ਕਰ ਸਕਣ।*

### ਸਿਹਤ ਅਤੇ ਸੁਰੱਖਿਆ ਵਿੱਚ ਸੁਧਾਰ ਕਰੋ:

- ਆਪਣੀ ਸਾਂਝੀ ਸਿਹਤ ਅਤੇ ਸੁਰੱਖਿਆ ਕਮੇਟੀ ਜਾਂ ਸਿਹਤ ਅਤੇ ਸੁਰੱਖਿਆ ਪ੍ਰਤੀਨਿਧੀ ਬਾਰੇ **ਜਾਣਕਾਰੀ ਲਓ**।
- ਸਿਹਤ ਅਤੇ ਸੁਰੱਖਿਆ ਦੇ ਮਸਲਿਆਂ ਬਾਰੇ ਆਪਣੇ ਮਾਲਕ, ਸਾਂਝੀ ਸਿਹਤ ਅਤੇ ਸੁਰੱਖਿਆ ਕਮੇਟੀ ਜਾਂ ਸਿਹਤ ਅਤੇ ਸੁਰੱਖਿਆ ਪ੍ਰਤੀਨਿਧੀ ਨਾਲ **ਗੱਲ ਕਰੋ**।

### ਮਿਨਸਟ੍ਰੀ ਆਫ਼ ਲੇਬਰ ਨੂੰ 1-877-202-0008 ’ਤੇ ਕਾਲ ਕਰੋ

ਗੰਭੀਰ ਸੱਟਾਂ, ਮੌਤਾਂ, ਕੰਮ ਤੋਂ ਮਨਾਹੀ ਸਬੰਧੀ ਰਿਪੋਰਟ ਕਿਸੇ ਵੀ ਸਮੇਂ ਕਰ ਸਕਦੇ ਹੋ।

ਕੰਮ ਵਾਲੀ ਥਾਂ ਤੇ ਸਿਹਤ ਅਤੇ ਸੁਰੱਖਿਆ ਬਾਰੇ ਸੂਚਨਾ ਲਈ ਹਫਤੇ ਦੇ ਦਿਨ ਸਵੇਰ 8.30 ਤੋਂ ਸ਼ਾਮ 5.00 ਵਜੇ ਤਕ

ਐਮਰਜੈਂਸੀ? ਹਮੇਸ਼ਾ 911 ਤੇ ਤੁਰੰਤ ਕਾਲ ਕਰੋ।

### ਇੱਥੇ ਹੋਰ ਜਾਣੋ:

**ontario.ca/healthandsafetyatwork**

### ਕਰਮਚਾਰੀਆਂ ਦਾ ਅਧਿਕਾਰ ਹੈ:

- **ਜਾਣਨਾ** ਕੰਮ ਦੇ ਜੋਖਮਾਂ ਬਾਰੇ ਅਤੇ ਉਹਨਾਂ ਬਾਰੇ ਕੀ ਕਰਨਾ ਹੈ।
- ਕੰਮ ਵਾਲੀ ਥਾਂ ਸਿਹਤ ਅਤੇ ਸੁਰੱਖਿਆ ਸਮੱਸਿਆਵਾਂ ਦਾ ਨਿਪਟਾਰਾ ਕਰਨ ਵਿੱਚ **ਭਾਗ ਲੈਣ ਦਾ**।
- ਅਜਿਹੇ ਕੰਮ ਤੋਂ **ਇਨਕਾਰ** ਕਰਨ ਦਾ ਜਿਸ ਨੂੰ ਉਹ ਅਸੁਰੱਖਿਅਤ ਸਮਝਦੇ ਹਨ।

### ਕਰਮਚਾਰੀਆਂ ਨੂੰ ਲਾਜ਼ਮੀ ਤੌਰ ’ਤੇ:

- ਕਾਨੂੰਨ ਅਤੇ ਕੰਮ ਵਾਲੀ ਥਾਂ ਦੀਆਂ ਸਿਹਤ ਅਤੇ ਸੁਰੱਖਿਆ ਨੀਤੀਆਂ ਅਤੇ ਕਾਰਜ-ਪ੍ਰਕਿਰਿਆਵਾਂ ਦੀ **ਪਾਲਣਾ** ਕਰਨੀ ਚਾਹੀਦੀ ਹੈ।
- ਉਹਨਾਂ ਦੇ ਮਾਲਕਾਂ ਵੱਲੋਂ ਲੋੜੀਂਦੇ ਸੁਰੱਖਿਆਤਮਕ ਸਾਜ਼ ਸਮਾਨ **ਪਹਿਨਣਾ** ਅਤੇ **ਇਸਤੇਮਾਲ** ਕਰਨਾ ਚਾਹੀਦਾ ਹੈ।
- ਅਜਿਹੇ ਤਰੀਕੇ ਨਾਲ **ਕੰਮ** ਅਤੇ **ਕਾਰਵਾਈ** ਕਰਨੀ ਚਾਹੀਦੀ ਹੈ ਜੋ ਉਹਨਾਂ ਨੂੰ ਅਤੇ ਕਿਸੇ ਹੋਰ ਨੂੰ ਨੁਕਸਾਨ ਨਾ ਪਹੁੰਚਾਵੇ ।
- ਕਿਸੇ ਵੀ ਜੋਖਮਾਂ ਜਾਂ ਸੱਟਾਂ ਦੀ **ਰਿਪੋਰਟ** ਆਪਣੇ ਸੁਪਰਵਾਇਜ਼ਰ ਨੂੰ ਕਰਨੀ ਚਾਹੀਦੀ ਹੈ।

***ਮਾਲਕਾਂ*** *ਨੂੰ ਕਾਨੂੰਨ ਦੀ ਪਾਲਣਾ ਕਰਨ ਵਾਲੇ ਅਤੇ ਸਿਹਤ ਅਤੇ ਸੁਰੱਖਿਆ ਮਸਲਿਆਂ ਨੂੰ ਉਠਾਉਣ ਵਾਲੇ ਕਰਮਾਰੀਆਂ ਵਿਰੁੱਧ* ***ਲਾਜ਼ਮੀ ਤੌਰ ’ਤੇ ਕਾਰਵਾਈ ਨਹੀਂ ਕਰਨੀ ਚਾਹੀਦੀ।***

### ਮਾਲਕਾਂ ਨੂੰ ਲਾਜ਼ਮੀ ਤੌਰ ’ਤੇ:

- ਸੁਰੱਖਿਅਤ ਕੰਮ ਕਿਵੇਂ ਕਰਨਾ ਹੈ ਇਸ ਬਾਰੇ ਜਾਣਕਾਰੀ, ਹਦਾਇਤ ਅਤੇ ਨਿਗਰਾਨੀ ਕਰਕੇ ਇਹ **ਯਕੀਨੀ ਬਣਾਉਣਾ** ਚਾਹੀਦਾ ਹੈ ਕਰਮਚਾਰੀ ਜੋਖਮਾਂ ਅਤੇ ਖਤਰਿਆਂ ਬਾਰੇ ਜਾਣਦੇ ਹੋਣ।
- **ਯਕੀਨੀ ਬਣਾਉਣਾ ਚਾਹੀਦਾ** ਹੈ ਸੁਪਰਵਾਇਜ਼ਰਾਂ ਨੂੰ ਇਹ ਪਤਾ ਹੋਵੇ ਕਿ ਕੰਮ ’ਤੇ ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਦੇ ਬਚਾਅ ਲਈ ਕੀ ਲੋੜੀਂਦਾ ਹੈ।
- ਕੰਮ ਵਾਲੀ ਥਾਂ ਦੀਆਂ ਸਿਹਤ ਅਤੇ ਸੁਰੱਖਿਆ ਨੀਤੀਆਂ ਅਤੇ ਕਾਰਜ-ਪ੍ਰਕਿਰਿਆਵਾਂ **ਤਿਆਰ** ਕਰਨੀਆਂ ਚਾਹੀਦੀਆਂ ਹਨ।
- **ਯਕੀਨੀ ਬਣਾਉਣਾ ਚਾਹੀਦਾ** ਹੈ ਕਿ ਹਰ ਕੋਈ ਕਾਨੂੰਨ ਅਤੇ ਕੰਮ ਵਾਲੀ ਥਾਂ ਦੀਆਂ ਸਿਹਤ ਅਤੇ ਸੁਰੱਖਿਆ ਨੀਤੀਆਂ ਅਤੇ ਕਾਰਜ-ਪ੍ਰਕਿਰਿਆਵਾਂ ਦੀ ਪਾਲਣਾ ਕਰਦਾ ਹੈ।
- **ਯਕੀਨੀ ਬਣਾਉਣਾ ਚਾਹੀਦਾ** ਹੈ ਕਿ ਕਰਮਚਾਰੀ ਸਹੀ ਸੁਰੱਖਿਆਤਮਕ ਸਾਜ਼-ਸਮਾਨ ਪਹਿਨਣ ਅਤੇ ਇਸਤੇਮਾਲ ਕਰਨ।
- ਕਰਮਚਾਰੀਆਂ ਨੂੰ ਜ਼ਖਮੀ ਹੋਣ ਅਤੇ ਕੰਮ ਸਬੰਧਤ ਬਿਮਾਰੀ ਤੋਂ ਬਚਾਉਣ ਲਈ **ਹਰ ਉਹ ਗੱਲ ਕਰਨੀ ਚਾਹੀਦੀ ਹੈ** ਜੋ ਹਾਲਾਤ ਵਿੱਚ ਮੁਨਾਸਬ ਹੈ।

### ਸੁਪਰਵਾਇਜ਼ਰਾਂ ਨੂੰ ਲਾਜ਼ਮੀ ਤੌਰ ’ਤੇ:

- ਕਰਮਚਾਰੀਆਂ ਨੂੰ ਜੋਖਮਾਂ ਅਤੇ ਖਤਰਿਆਂ ਬਾਰੇ **ਦੱਸਣਾ** ਚਾਹੀਦਾ ਹੈ ਅਤੇ ਉਹਨਾਂ ਦੀਆਂ ਚਿੰਤਾਵਾਂ ਦਾ **ਜਵਾਬ ਦੇਣਾ** ਚਾਹੀਦਾ ਹੈ।
- ਕਰਮਚਾਰੀਆਂ ਨੂੰ **ਦਿਖਾਉਣਾ** ਚਾਹੀਦਾ ਹੈ ਕਿ ਕਿਵੇਂ ਸੁਰੱਖਿਅਤ ਕੰਮ ਕਰਨਾ ਹੈ, ਅਤੇ **ਯਕੀਨੀ ਬਣਾਉਣਾ** ਚਾਹੀਦਾ ਹੈ ਕਿ ਉਹ ਕਾਨੂੰਨੀ ਅਤੇ ਕੰਮ ਵਾਲੀਆਂ ਥਾਂ ਦੀਆਂ ਸਿਹਤ ਅਤੇ ਸੁਰੱਖਿਆ ਨੀਤੀਆਂ ਅਤੇ ਕਾਰਜ-ਪ੍ਰਕਿਰਿਆਵਾਂ ਦੀ ਪਾਲਣਾ ਕਰਦੇ ਹਨ।
- **ਯਕੀਨੀ ਬਣਾਉਣਾ ਚਾਹੀਦਾ** ਹੈ ਕਿ ਕਰਮਚਾਰੀ ਸਹੀ ਸੁਰੱਖਿਆਤਮਕ ਸਾਜ਼-ਸਮਾਨ ਪਹਿਨਣ ਅਤੇ ਇਸਤੇਮਾਲ ਕਰਨ।
- ਕਰਮਚਾਰੀਆਂ ਨੂੰ ਜ਼ਖਮੀ ਹੋਣ ਅਤੇ ਕੰਮ ਸਬੰਧਤ ਬਿਮਾਰੀ ਤੋਂ ਬਚਾਉਣ ਲਈ **ਹਰ ਉਹ ਗੱਲ ਕਰਨੀ ਚਾਹੀਦੀ ਹੈ** ਜੋ ਹਾਲਾਤ ਵਿੱਚ ਮੁਨਾਸਬ ਹੈ।

© Queen’s Printer for Ontario

ਮਿਨਸਟ੍ਰੀ ਆਫ਼ ਲੇਬਰ
ISBN 978-1-4435-9566-7 (PRINT)
ISBN 978-1-4435-9567-4 (PDF)
June 2012
Punjabi

Ontario